ਤਪਾ ਮੰਡੀ 20 ਫਰਵਰੀ : 2012 ਦੀਆਂ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਭਾਜਪਾ ਗਠਬੰਧਨ ਦਾ ਫਿਰ ਸੂਫੜਾ ਸਾਫ ਹੋਵੇਗਾ ਤੇ ਪੰਜਾਬ ਵਿੱਚੋਂ ਅਕਾਲੀ ਦਲ ਨਾਮ ਬਿਲਕੁਲ ਖ਼ਤਮ ਹੋ ਜਾਵੇਗਾ ਜਿਸ ਦਾ ਮੁੱਖ ਕਾਰਨ ਰਾਜ ਵਿੱਚ ਵੱਧ ਰਹੀ ਮਂਹਿਗਾਈ ਦੇ ਯੁੱਗ ਵਿੱਚ ਅਪਣੇ ਨਿੱਜੀ ਮੁਫਾਦਾਂ ਲਈ ਬੱਸਾਂ ਦੇ ਕਿਰਾਏ ਵਿੱਚ ਕੀਤਾ ਵਾਧਾ , ਪੈਟਰੋਲ , ਡੀਜਲ ਤੇ ਲਗਾਈ ਹੋਈ ਚੂੰਗੀ, ਗੁੰਡਾਗਰਦੀ, ਲੁੱਟਾਂ ਖੋਹਾਂ ਤੇ ਬੰਦ ਪਏ ਵਿਕਾਸ ਕਾਰਜ ਅਤੇ ਪ੍ਰਸ਼ਾਸ਼ਨ ਨੂੰ ਅਪਣੀ ਮੁੱਠੀ ਵਿੱਚ ਰੱਖਕੇ ਕੀਤੀ ਜਾ ਰਹੀ ਥਾਣਿਆ ਵਿੱਚ ਬੇਇਨਸਾਫੀ ਤੋਂ ਲੋਕਾਂ ਵਿੱਚ ਵੱਧ ਰਿਹਾ ਰੋਸ ਇਸ ਗੱਲ ਦੀ ਸਾਫ ਤੌਰ ਤੇ ਗਵਾਹੀ ਭਰਦਾ ਹੈ ਅਕਾਲੀ ਦਲ ਸਰਕਾਰ ਬੇਈਮਾਨ ਤੇ ਬੇਦਰਦ ਇੱਕ ਸਿਲਾ ਬਣਕੇ ਰਹਿ ਗਈ ਹੈ।